# ਅਕਸਰ ਪੁੱਛੇ ਜਾਣ ਵਾਲੇ ਸਵਾਲ

ਕਿਰਪਾ ਕਰਕੇ ਸਰਵੇਖਣ ਦੀ ਸੰਖੇਪ ਜਾਣਕਾਰੀ ਲਈ ਅਤੇ ਨਤੀਜਿਆਂ ਦੀ ਵਰਤੋਂ ਕਰਨ ਦੇ ਤਰੀਕੇ ਲਈ ਭਾਗੀਦਾਰ ਜਾਣਕਾਰੀ ਸ਼ੀਟ ਨੂੰ ਦੇਖੋ। ਇਸ ਪੰਨੇ ਵਿੱਚ ਸਰਵੇਖਣ ਨਾਲ ਸੰਬੰਧਿਤ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਬਾਰੇ ਕੁਝ ਹੋਰ ਜਾਣਕਾਰੀ ਸ਼ਾਮਲ ਹੈ।

**ਤੁਸੀਂ ਇਹ ਸਰਵੇਖਣ ਕਿਉਂ ਕਰ ਰਹੇ ਹੋ?**

ਅਸੀਂ ਇਹ ਪਤਾ ਲਗਾਉਣਾ ਚਾਹੁੰਦੇ ਹਾਂ ਕਿ ਕੋਵਿਡ-19 ਮਹਾਂਮਾਰੀ ਅਤੇ ਲੌਕਡਾਊਨ, ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਦੇ ਨਸਲੀ ਘੱਟ-ਗਿਣਤੀ ਵਾਲੇ ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕਰ ਰਹੇ ਹਨ। ਇਹ ਸਰਵੇਖਣ ਜ਼ਿਆਦਾ ਵਿਆਪਕ ਤੌਰ 'ਤੇ ਆਮ ਲੋਕਾਂ ਤੋਂ ਵੱਖਰੇ ਤੌਰ 'ਤੇ ਵੀ ਪੁੱਛਿਆ ਜਾ ਰਿਹਾ ਹੈ, ਤਾਂ ਜੋ ਅਸੀਂ ਲੋਕਾਂ ਦੇ ਵੱਖ-ਵੱਖ ਸਮੂਹਾਂ ਦੇ ਵਿਚਾਰਾਂ ਨੂੰ ਸਮਝ ਸਕੀਏ।

**ਇਹ ਸਰਵੇਖਣ ਕੌਣ ਕਰ ਰਿਹਾ ਹੈ?**

ਸਮਾਨਤਾ ਕੌਮੀ ਸਰਵੇਖਣ ਲਈ ਪ੍ਰਮਾਣ, ਮੈਨਚੇਸਟਰ ਯੂਨੀਵਰਸਿਟੀ ਵਿਖੇ ਨਸਲੀ ਗਤੀ ਵਿਗਿਆਨ ਦੇ ਕੇਂਦਰ (Centre of Dynamics of Ethnicity) ਦੀ ਤਰਫੋਂ, ਇੱਕ ਸੁਤੰਤਰ ਸਰਵੇਖਣ ਏਜੰਸੀ, Ipsos MORI ਦੁਆਰਾ ਕੀਤਾ ਜਾ ਰਿਹਾ ਹੈ। **CoDE** ਨਸਲੀ (ਜਾਤੀਗਤ) ਅਸਮਾਨਤਾਵਾਂ ਅਤੇ ਪਛਾਣਾਂ ਦੀ ਤਬਦੀਲੀ ਨੂੰ ਸਮਝਣ ਦੇ ਨਾਲ ਸੰਬੰਧਿਤ ਖੋਜ ਦਾ ਚਾਰ-ਸਾਲਾਂ ਦਾ ਅੰਤਰ-ਅਨੁਸ਼ਾਸਨੀ ਪ੍ਰੋਗਰਾਮ ਹੈ। ਵਧੇਰੇ ਜਾਣਕਾਰੀ ਲਈ ਇਸ ਵੈੱਬਸਾਈਟ 'ਤੇ ਵਿਜ਼ਿਟ ਕਰੋ:

https://www.cmi.manchester.ac.uk/research/projects/code/

**ਮੈਂ ਕਿਵੇਂ ਭਾਗ ਲੈ ਸਕਦਾ/ਦੀ ਹਾਂ?**

ਤੁਸੀਂ ਇਹ ਦੇਖਣ ਲਈ ਰਜਿਸਟ੍ਰੇਸ਼ਨ ਸਰਵੇਖਣ ਨੂੰ ਦੇਖ ਸਕਦੇ ਹੋ ਕਿ ਇੱਥੇ ਕਲਿੱਕ ਕਰਕੇ ਤੁਸੀਂ ਮੁੱਖ ਸਰਵੇਖਣ ਵਿੱਚ ਭਾਗ ਲੈਣ ਦੇ ਯੋਗ ਹੋ ਜਾਂ ਨਹੀਂ:

https://surveys.ipsosinteractive.com/surveys/?p=jZt9VfdUz0lpKjKSVU19dx7XQulvdp%2bHMIFDym5IOKg3UL40L4YcPmzT3Zhgs2XRRcsH3f9aYbvF9XZJqv9RXf%2f2dlVd2Xvs3qZdmM5qxS4%3d&id=partxtest]

**ਕੀ ਮੈਨੂੰ ਆਨਲਾਈਨ ਭਾਗ ਲੈਣਾ ਪਵੇਗਾ?**

ਨਹੀਂ, ਤੁਸੀਂ 0808 1296800 'ਤੇ ਫ਼ੋਨ ਕਰਕੇ ਅਤੇ ਵਾਪਸ ਕਾਲ ਕਰਨ ਦੀ ਬੇਨਤੀ ਕਰਦਿਆਂ ਇੱਕ ਮੈਸੇਜ ਛੱਡ ਕੇ (ਇਸ ਸਹਾਇਤਾ ਪੰਨੇ ਦੇ 'ਸੰਪਰਕ' ਭਾਗ ਨੂੰ ਦੇਖੋ) ਵੀ ਭਾਗ ਲੈ ਸਕਦੇ ਹੋ।

**ਹੈਲਪਲਾਈਨ 'ਤੇ ਕਿੰਨੀਆਂ ਕਾਲਾਂ ਆਈਆਂ ਹਨ?**

ਸਾਰੇ ਹੈਲਪਲਾਈਨ ਨੰਬਰ ਮੁਫ਼ਤ ਹਨ।

**ਕੀ ਮੈਨੂੰ ਸਾਰੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ?**

ਇਨ੍ਹਾਂ ਸਵਾਲਾਂ ਦਾ ਜਵਾਬ ਦੇਣਾ ਪੂਰੀ ਤਰ੍ਹਾਂ ਸਵੈ-ਇੱਛਤ ਹੈ, ਇਸ ਲਈ ਤੁਹਾਨੂੰ ਅਜਿਹਾ ਕਰਨ ਦੀ ਜ਼ਰੂਰਤ ਨਹੀਂ ਹੈ। ਸਾਨੂੰ ਉਮੀਦ ਹੈ ਕਿ ਤੁਸੀਂ ਭਾਗ ਲਓਗੇ, ਕਿਉਂਕਿ ਇਹ ਸਾਨੂੰ ਸਰਵੋਤਮ ਸੰਭਵ ਅਨੁਭਵ ਦੇਵੇਗਾ। ਜੇਕਰ ਇਹ ਤੁਹਾਡੀ ਤਰਜੀਹ ਹੈ, ਤਾਂ ਤੁਹਾਡੇ ਲਈ ਜਨਸੰਖਿਆ ਸੰਬੰਧੀ ਸਾਰੇ ਸਵਾਲਾਂ ਦੀ ਚੋਣ ਕਰਨ ਵਾਸਤੇ "ਜਵਾਬ ਨਾ ਦੇਣਾ ਪਸੰਦ ਕਰਾਂਗਾ/ਗੀ" ਵਿਕਲਪ ਉਪਲਬਧ ਹੋਵੇਗਾ।

**ਕੀ ਮੈਂ ਕਿਸੇ ਹੋਰ ਭਾਸ਼ਾ ਵਿੱਚ ਸਰਵੇਖਣ ਪੂਰਾ ਕਰ ਸਕਦਾ/ਦੀ ਹਾਂ?**

ਤੁਸੀਂ ਸਰਵੇਖਣ ਦੀ ਸ਼ੁਰੂਆਤ ਵਿੱਚ ਆਪਣੀ ਪਸੰਦ ਦੀ ਚੋਣ ਕਰਕੇ 13 ਵਿਕਲਪਿਕ ਭਾਸ਼ਾਵਾਂ ਵਿੱਚ ਸਰਵੇਖਣ ਨੂੰ ਪੂਰਾ ਕਰ ਸਕਦੇ ਹੋ (ਕਿਰਪਾ ਕਰਕੇ ਨੋਟ ਕਰੋ ਕਿ ਵੱਖ-ਵੱਖ ਭਾਸ਼ਾਵਾਂ ਵਿੱਚ ਸਰਵੇਖਣ ਤੁਰੰਤ ਉਪਲਬਧ ਨਹੀਂ ਹੋ ਸਕਦੇ ਹਨ)। ਟੈਲੀਫ਼ੋਨ ਸਰਵੇਖਣ

ਕਿਸੇ ਹੋਰ ਭਾਸ਼ਾ ਵਿੱਚ ਵੀ ਪੂਰਾ ਕੀਤਾ ਜਾ ਸਕਦਾ ਹੈ। ਭਾਸ਼ਾ ਵਿਕਲਪਾਂ ਵਿੱਚ ਅਰਬੀ, ਬੰਗਾਲੀ, ਚੀਨੀ, ਗੁਜਰਾਤੀ, ਪੋਲਿਸ਼, ਪੁਰਤਗਾਲੀ, ਪੰਜਾਬੀ: ਗੁਰਮੁਖੀ, ਪੰਜਾਬੀ: ਸ਼ਾਹਮੁਖੀ, ਰੋਮਾਨੀਆ, ਸੋਮਾਲੀ, ਤੁਰਕੀ, ਉਰਦੂ ਅਤੇ ਵੈਲਸ਼ ਸ਼ਾਮਲ ਹੋਣਗੇ।

**ਮੈਂ ਆਪਣੇ ਗਿਫਟ ਵਾਉਚਰ ਦਾ ਦਾਅਵਾ ਕਿਵੇਂ ਕਰ ਸਕਦਾ/ਦੀ ਹਾਂ?**

ਤੁਹਾਡੇ ਵੱਲੋਂ ਇੱਕ ਵਾਰ ਸਰਵੇਖਣ ਨੂੰ ਪੂਰਾ ਕਰਨ 'ਤੇ ਤੁਹਾਨੂੰ ਸਵੈਚਲਿਤ ਤੌਰ 'ਤੇ ਗਿਫਟ ਵਾਉਚਰ ਭੇਜਿਆ ਜਾਵੇਗਾ। ਜੇਕਰ ਤੁਹਾਨੂੰ ਸਰਵੇਖਣ ਪੂਰਾ ਹੋਣ ਦੇ 2 ਹਫ਼ਤਿਆਂ ਦੇ ਅੰਦਰ-ਅੰਦਰ ਆਪਣਾ ਵਾਉਚਰ ਪ੍ਰਾਪਤ ਨਹੀਂ ਹੋਇਆ, ਤਾਂ ਕਿਰਪਾ ਕਰਕੇ epanel-uk@i-say.com quoting '20-089809-01 - EVENS survey voucher' ਨਾਲ ਸੰਪਰਕ ਕਰੋ।

**ਸਰਵੇਖਣ ਵਿੱਚ ਮੇਰੇ ਦੁਆਰਾ ਪ੍ਰਦਾਨ ਕੀਤੇ ਗਏ ਡੇਟਾ ਦੀ ਵਰਤੋਂ ਕਿਵੇਂ ਕੀਤੀ ਜਾਵੇਗੀ?**

ਡੇਟਾ ਦੀ ਵਰਤੋਂ ਕਿਵੇਂ ਕੀਤੀ ਜਾਵੇਗੀ ਅਤੇ ਡੇਟਾ ਸੁਰੱਖਿਆ ਸੰਬੰਧੀ ਪ੍ਰਕਿਰਿਆਵਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਭਾਗੀਦਾਰ ਜਾਣਕਾਰੀ ਸ਼ੀਟ (ਜੋ ਕਿ ਇਸ ਸਹਾਇਤਾ ਪੰਨੇ 'ਤੇ ਲੱਭੀ ਜਾ ਸਕਦੀ ਹੈ) ਨੂੰ ਦੇਖੋ।

**ਕੀ ਮੈਂ ਸਰਵੇਖਣ ਨੂੰ ਆਨਲਾਈਨ ਪੂਰਾ ਕਰਦੇ ਸਮੇਂ ਇੱਕ ਬ੍ਰੇਕ ਲੈ ਸਕਦਾ/ਦੀ ਹਾਂ?**

ਹਾਂ, ਸਰਵੇਖਣ ਨੂੰ ਆਨਲਾਈਨ ਪੂਰਾ ਕਰਦੇ ਸਮੇਂ, ਤੁਹਾਡੀ ਪ੍ਰਗਤੀ ਸਵੈਚਾਲਿਤ ਤੌਰ 'ਤੇ ਸੁਰੱਖਿਅਤ ਹੋ ਜਾਂਦੀ ਹੈ। ਤੁਸੀਂ ਜਦੋਂ ਵੀ ਚਾਹੋਂ, ਸਰਵੇਖਣ ਵਾਲੀ ਬ੍ਰਾਉਜ਼ਰ ਵਿੰਡੋ ਨੂੰ ਬੰਦ ਕਰ ਸਕਦੇ ਹੋ - ਤੁਹਾਡੀ ਪ੍ਰਗਤੀ ਸੁਰੱਖਿਅਤ ਕੀਤੀ ਜਾਵੇਗੀ। ਜਦੋਂ ਤੁਸੀਂ ਸਰਵੇਖਣ ਨੂੰ ਜਾਰੀ ਰੱਖਣ ਲਈ ਤਿਆਰ ਹੁੰਦੇ ਹੋ, ਤਾਂ ਸਿੱਧਾ ਤੁਹਾਡੇ ਦੁਆਰਾ ਭੇਜੇ ਗਏ ਲਿੰਕ 'ਤੇ ਕਲਿੱਕ ਕਰਕੇ ਸਰਵੇਖਣ ਪੰਨੇ 'ਤੇ ਵਾਪਸ ਜਾਓ।

**ਮੈਨੂੰ ਆਪਣਾ ਪੋਸਟ-ਕੋਡ ਅਤੇ ਜਨਮ ਮਿਤੀ ਪ੍ਰਦਾਨ ਕਰਨ ਲਈ ਕਿਉਂ ਕਿਹਾ ਗਿਆ ਹੈ?**

ਇਹ ਡੇਟਾ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਇਕੱਤਰ ਕੀਤਾ ਗਿਆ ਹੈ, ਕਿ ਖੋਜ ਲੋਕਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੇ ਵਿਚਾਰਾਂ ਨੂੰ ਦਰਸਾਉਂਦੀ ਹੈ, ਉਦਾਹਰਣ ਲਈ ਵੱਖ-ਵੱਖ ਉਮਰ ਦੇ ਲੋਕਾਂ ਅਤੇ ਵੱਖ-ਵੱਖ ਭੂਗੋਲਿਕ ਖੇਤਰਾਂ ਵਿੱਚ ਰਹਿਣ ਵਾਲੇ ਲੋਕ। ਜੇਕਰ ਤੁਸੀਂ ਨਹੀਂ ਚਾਹੁੰਦੇ ਹੋ, ਤਾਂ ਤੁਹਾਨੂੰ ਇਸ ਸਵਾਲ ਦਾ ਜਵਾਬ ਦੇਣ ਦੀ ਜ਼ਰੂਰਤ ਨਹੀਂ ਹੈ।

ਖੋਜ ਦੇ ਉਦੇਸ਼ ਅਤੇ ਡੇਟਾ ਦੀ ਵਰਤੋਂ ਨਾਲ ਸੰਬੰਧਿਤ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਭਾਗੀਦਾਰ ਜਾਣਕਾਰੀ ਸ਼ੀਟ ਨੂੰ ਦੇਖੋ। ਡੇਟਾ ਪਰਦੇਦਾਰੀ ਬਾਰੇ ਵਧੇਰੇ ਵੇਰਵੇ ਮੈਨਚੇਸਟਰ ਯੂਨੀਵਰਸਿਟੀ ਦੀ ਪਰਦੇਦਾਰੀ ਸੂਚਨਾ ਅਤੇ Ipsos MORI ਦੀ ਪਰਦੇਦਾਰੀ ਸੂਚਨਾ ਵਿੱਚ ਦੇਖੇ ਜਾ ਸਕਦੇ ਹਨ। Ipsos MORI ਦੇ ਜਾਣਕਾਰੀ ਪੰਨੇ 'ਤੇ ਜਵਾਬ ਨਾ ਦਿੱਤੇ ਗਏ ਕਿਸੇ ਵੀ ਵਾਧੂ ਸਵਾਲ ਲਈ, ਕਿਰਪਾ ਕਰਕੇ ਇਸ ਪਤੇ 'ਤੇ ਈਮੇਲ ਕਰੋ: evenssurvey@ipsos-mori.com